# ਝਲਕੀਆਂ : ਭਾਈ ਵੀਰ ਸਿੰਘ ਜਨਮ-ਦਿਵਸ




ਰਾਗੀ ਭਾਈ ਕੁਲਤਾਰ ਸਿੰਘ ਅਤੇ ਸਾਥੀ ਇਲਾਹੀ ਕੀਰਤਨ ਕਰਦੇ ਹੋਏ।



ਭਾਈ ਹਰਜੀਤ ਸਿੰਘ, ਭਾਈ ਗੁਰਦੀਪ ਸਿੰਘ ਅਤੇ ਸਾਥੀ ਕੀਰਤਨ ਕਰਦੇ ਹੋਏ।



ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ ਕਵਿਤਾ ਗਾਇਨ ਕਰਦੇ ਹੋਏ।



ਸਰਦਾਰਨੀ ਸਿਮਲ ਜੋਗਿੰਦਰ ਸਿੰਘ ਭਾਈ ਸਾਹਿਬ ਦਾ ਸੰਦੇਸ਼ ਪੜ੍ਹਦੇ ਹੋਏ।



ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਪ੍ਰੋ. ਚਰਨ ਸਿੰਘ।




ਯੂਨੀਵਰਸਿਟੀ ਆਫ਼ ਦਿੱਲੀ ਦੀ ਪੰਜਾਬੀ ਵਿਭਾਗ, 2017 ਦੀ ਗੋਲਡ ਮੈਡਲਿਸਟ ਵਿਨੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ ਚੇਅਰਮੈਨ ਪ੍ਰੋ. ਚਰਨ ਸਿੰਘ।




ਸਰਦਾਰਨੀ ਗੁਰਸ਼ਰਨ ਕੌਰ 'ਖ਼ਾਲਸਾ ਸਮਾਚਾਰ' ਦਾ ਵਿਸ਼ੇਸ਼ ਅੰਕ ਰੀਲੀਜ਼ ਕਰ ਕੇ ਇਸਦੀ ਇੱਕ-ਇੱਕ ਕਾਪੀ ਡਾ. ਪੁਨੀਤਾ ਕੌਰ, ਬੀਬੀ ਕੁਸ਼ਲ ਗੁਰਪ੍ਰੀਤ ਕੌਰ, ਬੀਬੀ ਕੰਵਲ ਉੱਪਲ ਅਤੇ ਬੀਬੀ ਕੋਮਲ ਕਿਰਨ ਡਾਂਗ ਨੂੰ ਭੇਂਟ ਕਰਦੇ ਹੋਏ। ਨਾਲ ਹਨ ਡਾ. ਮਹਿੰਦਰ ਸਿੰਘ, ਸ. ਹਰਚਰਨ ਸਿੰਘ ਨਾਗ, ਸ. ਗੁਰਿੰਦਰ ਸਿੰਘ ਕਲਸੀ ਅਤੇ ਜਨਰਲ ਜੋਗਿੰਦਰ ਸਿੰਘ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਭਾਈ ਵੀਰ ਸਿੰਘ ਜੀ ਦਾ 146ਵਾਂ ਜਨਮ-ਦਿਵਸ ਮਨਾਇਆ ਗਿਆ

ਨਵੀਂ ਦਿੱਲੀ, 5 ਦਸੰਬਰ 2018 : ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਸਟੱਡੀ ਸਰਕਲ, ਨਵੀਂ ਦਿੱਲੀ ਵਲੋਂ ਸਦਨ ਵਿਖੇ ਭਾਈ ਵੀਰ ਸਿੰਘ ਜੀ ਦਾ 146ਵਾਂ ਜਨਮ-ਦਿਵਸ ਬੜੀ ਸ਼ਰਧਾ ਤੇ ਪਿਆਰ ਸਹਿਤ ਮਨਾਇਆ ਗਿਆ। ਇਸ ਮੌਕੇ ਬੋਲਦਿਆਂ ਪੰਜਾਬ ਐਂਡ ਸਿੰਧ ਬੈਂਕ ਦੇ ਚੇਅਰਮੈਨ ਪ੍ਰੋ. ਚਰਨ ਸਿੰਘ ਨੇ ਭਾਈ ਵੀਰ ਸਿੰਘ ਜੀ ਦੇ ਜਨਮ-ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਉਹਨਾਂ ਦੀਆਂ ਰਚਨਾਵਾਂ ਨੂੰ ਆਪਣੇ ਜੀਵਨ ਦਾ ਮੁੱਖ ਪ੍ਰੇਰਨਾ ਸਰੋਤ ਦੱਸਿਆ। ਪ੍ਰੋ. ਚਰਨ ਸਿੰਘ ਅਨੁਸਾਰ ਉਨ੍ਹਾਂ ਦੇ ਅੰਦਰ ਸਿੱਖੀ ਦਾ ਪਿਆਰ ਭਾਈ ਵੀਰ ਸਿੰਘ ਰਚਿਤ **ਗੁਰ ਨਾਨਕ ਚਮਤਕਾਰ** ਪੜ੍ਹ ਕੇ ਹੀ ਪੈਦਾ ਹੋਇਆ। ਉਨ੍ਹਾਂ ਅਨੁਸਾਰ ਅੱਜ ਦੇ ਯੂਥ ਨੂੰ ਸੇਧ ਦੇਣ ਲਈ ਸਾਨੂੰ ਲੋੜ ਹੈ ਕਿ ਅਸੀਂ **ਗੁਰ ਨਾਨਕ ਚਮਤਕਾਰ** ਜਿਹੀਆਂ ਮੁੱਲਵਾਨ ਇਤਿਹਾਸਕ ਰਚਨਾਵਾਂ ਦਾ ਟਰੈਵਲੋਗ ਤਿਆਰ ਕਰੀਏ ਤਾਂ ਜੋ ਸਿੱਖੀ ਤੋਂ ਭਟਕ ਰਹੀ ਸਾਡੀ ਅਗਲੇਰੀ ਪੀੜ੍ਹੀ ਵਿਰਸੇ ਨਾਲ ਜੁੜ ਕੇ ਆਪਣਾ ਜੀਵਨ ਸਕਾਰਥ ਕਰ ਸਕੇ। ਪ੍ਰੋਗਰਾਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀਆਂ ਨੇ ਸਹਿਜ ਪਾਠ ਦੇ ਭੋਗ ਅਤੇ ਕੀਰਤਨ ਰਾਹੀਂ ਕੀਤਾ। ਉਪਰੰਤ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਅਤੇ ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਭਾਈ ਸਾਹਿਬ ਦਾ ਸੰਦੇਸ਼ ਪੜ੍ਹ ਕੇ ਸੁਣਾਇਆ। ਭਾਈ ਹਰਜੀਤ ਸਿੰਘ, ਗੁਰਦੀਪ ਸਿੰਘ ਦੇ ਜਥੇ ਦੇ ਇਲਾਹੀ ਕੀਰਤਨ ਤੋਂ ਬਾਅਦ ਭਾਈ ਕੁਲਤਾਰ ਸਿੰਘ ਦੇ ਜਥੇ ਨੇ ਵਿਆਖਿਆਸਹਿਤ ਮਨੋਹਰ ਕੀਰਤਨ ਕੀਤਾ। ਉਪਰੰਤ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸੁਪਤਨੀ ਸਰਦਾਰਨੀ ਗੁਰਸ਼ਰਨ ਕੌਰ ਨੇ ਖ਼ਾਲਸਾ ਸਮਾਚਾਰ ਦੇ ਵਿਸ਼ੇਸ਼ ਅੰਕ ਦਾ ਵਿਮੋਚਨ ਕੀਤਾ ਅਤੇ ਇਸ ਦੀ ਇਕ-ਇਕ ਕਾਪੀ ਭਾਈ ਵੀਰ ਸਿੰਘ ਦੇ ਪਰਿਵਾਰਿਕ ਮੈਂਬਰਾਂ ਨੂੰ ਭੇਂਟ ਕੀਤੀ। ਚੇਅਰਮੈਨ ਪ੍ਰੋ. ਚਰਨ ਸਿੰਘ ਨੇ ਸਦਨ ਦੀਆਂ ਪ੍ਰਕਾਸ਼ਨਾਵਾਂ ਨੂੰ ਰਿਲੀਜ਼ ਕਰਦਿਆਂ ਯੂਨੀਵਰਸਿਟੀ ਆਫ਼ ਦਿੱਲੀ ਦੀ ਪੰਜਾਬੀ ਵਿਭਾਗ, 2017 ਦੀ ਗੋਲਡ ਮੈਡਲਿਸਟ ਵਿਨੀਤ ਕੌਰ ਨੂੰ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਭਾਈ ਵੀਰ ਸਿੰਘ ਲੇਖ ਮੁਕਾਬਲੇ 'ਚ ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲੇ ਯੂਨੀਵਰਸਿਟੀ ਆਫ਼ ਦਿੱਲੀ ਦੇ ਪੀਐਚ.ਡੀ. ਦੇ ਵਿਦਿਆਰਥੀਆਂ ਰੋਬਿਨ ਖੁਰਾਣਾ, ਮਨਦੀਪ ਸਿੰਘ ਅਤੇ ਸੁਖਚੈਨ ਸਿੰਘ ਨੂੰ ਕ੍ਰਮਵਾਰ 10,000 ਰੁ., 8000 ਰੁ., 5000 ਰੁ. ਅਤੇ ਸਰਟੀਫ਼ਿਕੇਟ ਨਾਲ ਸਨਮਾਨਿਤ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਨੂੰ ਸ. ਕੁਲਮੋਹਨ ਸਿੰਘ ਜੀ ਨੇ ਬਾਖ਼ੂਬੀ ਨਿਭਾਇਆ। ✧✧




**ਸਰਦਾਰਨੀ ਗੁਰਸ਼ਰਨ ਕੌਰ, ਪੁਸਤਕ 'ਗੁਰੂ ਗ੍ਰੰਥ ਸਾਹਿਬ -ਦ ਗੁਰੂ ਇਟਰਨਲ' ਚੇਅਰਮੈਨ ਪ੍ਰੋ. ਚਰਨ ਸਿੰਘ ਨੂੰ ਭੇਂਟ ਕਰਦੇ ਹੋਏ। ਨਾਲ ਭਾਈ ਵੀਰ ਸਿੰਘ ਦੇ ਪਰਿਵਾਰਕ ਮੈਂਬਰ, ਜਨਰਲ ਜੋਗਿੰਦਰ ਸਿੰਘ, ਸ. ਹਰਚਰਨ ਸਿੰਘ ਨਾਗ, ਡਾ. ਰਘਬੀਰ ਸਿੰਘ ਅਤੇ ਸ. ਕੁਲਮੋਹਨ ਸਿੰਘ।**